# Dr. Abdullah Abdullah, Chairman, High Council for National Reconciliation of Afghanistan meets Prime Minister

October 08, 2020

---

## ਅਫਗਾਨਿਸਤਾਨੀ ਕੌਮੀ ਮੇਲ-ਮਿਲਾਪ ਲਈ ਉੱਚ ਪਰੀਸ਼ਦ ਦੇ ਮੁਖੀ ਅਬਦੁੱਲਾ ਅਬਦੁੱਲਾ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ

8 ਅਕਤੂਬਰ, 2020

ਅਫਗਾਨਿਸਤਾਨੀ ਕੌਮੀ ਮੇਲ-ਮਿਲਾਪ ਲਈ ਉੱਚ ਪਰੀਸ਼ਦ ਦੇ ਮੁਖੀ ਅਬਦੁੱਲਾ ਅਬਦੁੱਲਾ ਨੇ ਅੱਜ ਸਵੇਰੇ (8 ਅਕਤੂਬਰ) ਨੂੰ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ। ਸਰਕਾਰ ਦੀ 'ਗੁਆਂਢੀ ਪਹਿਲਾਂ' ਵਾਲੀ ਨੀਤੀ ਨੂੰ ਮੁੱਖ ਰੱਖਦਿਆਂ ਪ੍ਰਧਾਨ ਮੰਤਰੀ ਨੇ ਭਾਰਤ ਅਤੇ ਅਫਗਾਨਿਸਤਾਨ ਵਿਚਾਲੇ ਦੇ ਇਤਿਹਾਸਕ ਸਬੰਧਾਂ ਵਿੱਚ ਹੋਰ ਡੂੰਘਾਈ ਲਿਆਉਣ ਲਈ ਭਾਰਤ ਵੱਲੋਂ ਲੰਮੇ ਸਮੇਂ ਦੀ ਵਚਨਬੱਧਤਾ ਦੀ ਤਸਦੀਕ ਕੀਤੀ। ਦੋਵਾਂ ਆਗੂਆਂ ਨੇ ਦੁਵੱਲੇ ਅਤੇ ਖੇਤਰੀ ਹਿੱਤ ਦੇ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਡਾ. ਅਬਦੁੱਲਾ ਅਬਦੁੱਲਾ ਨੇ ਪ੍ਰਧਾਨ ਮੰਤਰੀ ਨੂੰ ਅਫਗਾਨ ਸ਼ਾਂਤੀ ਪ੍ਰਕਿਰਿਆ ਅਤੇ ਦੋਹਾ ਵਿੱਚ ਚੱਲ ਰਹੀ ਗੱਲਬਾਤ ਬਾਰੇ ਜਾਣੂੰ ਕਰਾਇਆ।

ਭਾਰਤ ਦੇ ਅਫਗਾਨਿਸਤਾਨ ਨਾਲ ਵਿਕਾਸਾਤਮਕ ਸਹਿਯੋਗ ਸਣੇ ਦੁਵੱਲੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਡਾ: ਅਬਦੁੱਲਾ ਅਬਦੁੱਲਾ ਨੇ ਭਾਰਤ ਵੱਲੋਂ ਵਿਕਾਸ ਲਈ ਦਿੱਤੀ ਗਈ 3 ਅਰਬ ਡਾਲਰ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ, ਜਿਨ੍ਹਾਂ ਹੇਠ ਪ੍ਰੋਜੈਕਟਾਂ ਸਦਕਾ 34 ਸੂਬਿਆਂ ਦੇ ਅਫਗਾਨੀ ਲੋਕਾਂ ਨੂੰ ਲਾਭ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਅਫਗਾਨਿਸਤਾਨ ਵਿੱਚ ਸਥਾਈ ਸ਼ਾਂਤੀ ਅਤੇ ਖੁਸ਼ਹਾਲੀ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ ਅਤੇ ਅਫਗਾਨਿਸਤਾਨ ਅੰਦਰ ਵਿਆਪਕ ਅਤੇ ਸਦੀਵੀ ਜੰਗਬੰਦੀ ਕਰਨ ਦੇ ਯਤਨਾਂ ਦਾ ਸਵਾਗਤ ਕੀਤਾ।

ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ ਨੇ 7 ਅਕਤੂਬਰ ਨੂੰ ਡਾ. ਅਬਦੁੱਲਾ ਅਬਦੁੱਲਾ ਨਾਲ ਮੁਲਾਕਾਤ ਕੀਤੀ ਅਤੇ ਅਫਗਾਨਿਸਤਾਨ ਵਿੱਚ ਵੱਧ ਰਹੀ ਹਿੰਸਾ ਅਤੇ ਇਸ ਖੇਤਰ ਵਿੱਚ ਸ਼ਾਂਤੀ ਅਤੇ ਸੁਰੱਖਿਆ ਸਮੇਤ ਅਫਗਾਨ ਸ਼ਾਂਤੀ ਪ੍ਰਕਿਰਿਆ ਅਤੇ ਇਸ ਨਾਲ ਸਬੰਧਤ ਮੁੱਦਿਆਂ ਉੱਤੇ ਵਿਚਾਰ ਵਟਾਂਦਰੇ ਕੀਤੇ।

ਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਡਾ: ਅਬਦੁੱਲਾ ਅਬਦੁੱਲਾ ਨਾਲ ਭਲਕੇ ਅਰਥਾਤ 9 ਅਕਤੂਬਰ, 2020 ਨੂੰ ਮੁਲਾਕਾਤ ਕਰਨਗੇ।

ਨਵੀਂ ਦਿਲੀ
8 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.